# ਟੋਲਵਾਪਟਾਨ (Tolvaptan)

## ਫਾਰਮੇਸੀ ਲਈ ਜਾਣਕਾਰੀ ਸ਼ੀਟ Pharmacy Information Sheet

BCRenal
Provincial Health Services Authority

## ਖ਼ੁਰਾਕ ਦੀ ਮਾਤਰਾ ਕਿੰਨੀ ਹੈ?

ਟੋਲਵਾਪਟਾਨ ਇੱਕ ਦਵਾਈ ਹੈ ਜੋ ਏ.ਡੀ.ਪੀ.ਕੇ.ਡੀ. ਵਾਲੇ ਮਰੀਜ਼ਾਂ ਦੇ ਗੁਰਦਿਆਂ ਵਿਚ ਸਿਸਟ ਦੇ ਹੋ ਰਹੇ ਵਾਧੇ ਨੂੰ ਆਹਿਸਤਾ ਕਰਦੀ ਹੈ। ਕੁੱਝ ਮਰੀਜ਼ਾਂ ਦੇ ਗੁਰਦਿਆਂ ਦੀਆਂ ਸਮੱਸਿਆਵਾਂ ਦੀ ਪ੍ਰਗਤੀ ਨੂੰ ਵੀ ਆਹਿਸਤਾ ਕਰਦੀ ਹੈ।

## ਇਹ ਕਿਵੇਂ ਕੰਮ ਕਰਦੀ ਹੈ:

ਟੋਲਵਾਪਟਾਨ ਇੱਕ ਵਾਸੋਪਰੇਸਿਨ ਨਾਮਕ ਹਾਰਮੋਨ ਨੂੰ ਰੋਕਣ ਦਾ ਕੰਮ ਕਰਦੀ ਹੈ। ਵਾਸੋਪਰੇਸਿਨ ਹਾਰਮੋਨ ਸਰੀਰ ਵਿਚ ਪਾਣੀ ਜਮ੍ਹਾਂ ਕਰਦਾ ਹੈ। ਏ.ਡੀ.ਪੀ.ਕੇ.ਡੀ. ਵਾਲੇ ਮਰੀਜ਼ਾਂ ਵਿਚ ਸਿਸਟ ਦੇ ਵਾਧੇ ਲਈ ਵਾਸੋਪਰੇਸਿਨ ਵੀ ਇੱਕ ਕਾਰਨ ਹੈ। ਇਸ ਹਾਰਮੋਨ ਨੂੰ ਰੋਕਣ ਨਾਲ ਸਿਸਟ ਦੇ ਵਾਧੇ ਨੂੰ ਆਹਿਸਤਾ ਕਰਨ ਵਿਚ ਮਦਦ ਮਿਲ ਸਕਦੀ ਹੈ।

## ਇਸ ਨੂੰ ਕਿਵੇਂ ਲੈਣਾ ਹੈ:

ਟੋਲਵਾਪਟਾਨ ਦੀਆਂ ਦਿਨ ਵਿਚ 2 ਗੋਲੀਆਂ ਲਈਆਂ ਜਾਂਦੀਆਂ ਹਨ– ਵੱਡੀ ਸੁਬ੍ਹਾ ਅਤੇ ਛੋਟੀ ਦੁਪਹਿਰ ਬਾਅਦ। ਦੁਪਹਿਰ ਵਾਲੀ ਖ਼ੁਰਾਕ ਤਕਰੀਬਨ ਸੁਬ੍ਹਾ ਵਾਲੀ ਖ਼ੁਰਾਕ ਤੋਂ ਤਕਰੀਬਨ 8 ਘੰਟੇ ਬਾਅਦ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਿਨਾਂ ਲੈਣੀ ਚਾਹੀਦੀ ਹੈ।

ਇਹ ਦਵਾਈ ਲੈਂਦੇ ਸਮੇਂ ਪਿਆਸ ਜਾਂ ਸਰੀਰ ਵਿਚ ਪਾਣੀ ਦੀ ਕਮੀ ਤੋਂ ਬਚਣ ਲਈ ਕਾਫੀ ਪਾਣੀ ਪੀਓ ਜਦ ਤੱਕ ਡਾਕਟਰ ਨੇ ਕੁੱਝ ਹੋਰ ਨਾ ਕਿਹਾ ਹੋਵੇ। ਜੇ ਤੁਹਾਨੂੰ ਕੋਈ ਐਸੀ ਬਿਮਾਰੀ ਹੈ ਜਿਸ ਕਾਰਨ ਉਲਟੀਆਂ ਆਉਂਦੀਆਂ ਹਨ ਜਾਂ ਦਸਤ ਲੱਗੇ ਹਨ ਅਤੇ ਤੁਸੀਂ ਆਮ ਵਾਂਗ ਖਾ ਪੀ ਨਹੀਂ ਸਕਦੇ ਤਾਂ ਟੋਲਵਾਪਟਾਨ ਲੈਣੀ ਬੰਦ ਕਰ ਦਿਓ ਜਦ ਤੱਕ ਤੁਸੀਂ ਦੁਬਾਰਾ ਤਰਲ ਪੀਣ ਦੇ ਯੋਗ ਨਹੀਂ ਹੋ ਜਾਂਦੇ। ਆਪਣੇ ਡਾਕਟਰ ਨੂੰ ਸੰਪਰਕ ਕਰੋ ਜੇ ਤੁਸੀਂ 2 ਦਿਨਾਂ ਲਈ ਟੋਲਵਾਪਟਾਨ ਬੰਦ ਕਰ ਰਹੇ ਹੋ।

ਹੋਰ ਦਵਾਈਆਂ (ਡਾਕਟਰ ਦੀ ਪਰਚੀ ਵਾਲੀਆਂ, ਕਾਊਂਟਰ ਤੇ ਮਿਲਣ ਵਾਲੀਆਂ ਜਾਂ ਸੰਪੂਰਕ) ਟੋਲਵਾਪਟਾਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਕੋਈ ਵੀ ਨਵੀਂ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਅਤੇ ਫਾਰਮਾਸਿਸਟ ਨਾਲ ਗੱਲ ਕਰੋ ਤਾਂ ਕਿ ਉਹ ਸੁਨਿਸ਼ਚਿਤ ਕਰ ਸਕਣ ਕਿ ਇਹ ਨਵੀਂ ਦਵਾਈ ਟੋਲਵਾਪਟਾਨ ਨਾਲ ਲੈਣੀ ਸੁਰੱਖਿਅਤ ਹੈ।

## ਜੇ ਤੁਸੀਂ ਇੱਕ ਖ਼ੁਰਾਕ ਲੈਣੀ ਭੁੱਲ ਜਾਓ ਤਾਂ:

ਜੇ ਤੁਸੀਂ ਇੱਕ ਖ਼ੁਰਾਕ ਲੈਣੀ ਭੁੱਲ ਜਾਓ ਤਾਂ ਅਗਲੀ ਖ਼ੁਰਾਕ ਟਾਈਮ ਤੇ ਲਵੋ। ਦੋ ਖ਼ੁਰਾਕਾਂ ਇਕੱਠੀਆਂ ਨਾ ਲਵੋ ਅਤੇ ਨਾ ਹੀ ਕੋਈ ਵਾਧੂ ਖ਼ੁਰਾਕ ਲਵੋ।

## ਸੰਭਵ ਮਾੜੇ ਪ੍ਰਭਾਵ:

ਟੋਲਵਾਪਟਾਨ ਨਾਲ ਆਮ ਅਤੇ ਸੰਭਾਵਿਤ ਮਾੜੇ ਪ੍ਰਭਾਵਾਂ ਕਾਰਨ ਦਿਨੇ ਰਾਤੀਂ ਪਿਆਸ ਦਾ ਵਧਣਾ ਅਤੇ ਪਿਸ਼ਾਬ ਦਾ ਆਉਂਦੇ ਰਹਿਣਾ ਹੈ। ਜੇ ਇਹ ਲੱਛਣ ਤੁਹਾਡੇ ਸਹਿਣ ਯੋਗ ਨਹੀਂ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

ਖ਼ੂਨ ਵਿਚ ਪੋਟਾਸ਼ੀਅਮ ਦਾ ਵਧਣਾ ਬਹੁਤ ਘੱਟ ਆਮ ਮਾੜਾ ਪ੍ਰਭਾਵ ਹੈ। ਇਸ ਨਾਲ ਦਿਲ ਦੀ ਧੜਕਣ ਆਮ ਜਿਹੀ ਮਹਿਸੂਸ ਨਹੀਂ ਹੁੰਦੀ, ਮਾਸਪੇਸ਼ੀਆਂ ਵਿਚ ਕਮਜ਼ੋਰੀ, ਅਤੇ ਸਿਹਤ ਵੀ ਠੀਕ ਮਹਿਸੂਸ ਨਹੀਂ ਹੁੰਦੀ। ਇੱਕ ਹੋਰ ਮਾੜਾ ਪ੍ਰਭਾਵ ਖ਼ੂਨ ਵਿਚ ਆਮ ਨਾਲੋਂ ਜ਼ਿਆਦਾ ਯੂਰਿਕ ਐਸਿਡ ਦਾ ਹੋਣਾ ਹੈ ਜਿਸ ਕਾਰਨ ਗਠੀਆ ਹੋ ਸਕਦਾ ਹੈ। ਜੇ ਤੁਹਾਨੂੰ ਗਠੀਆ ਹੈ ਤਾਂ ਤੁਹਾਡੇ ਜੋੜਾਂ ਵਿਚ ਦਰਦ (ਅਕਸਰ ਪੈਰ ਦੇ ਅੰਗੂਠੇ ਵਿਚ) ਅਤੇ ਉਸ ਤੋਂ ਬਾਅਦ ਲਾਲੀ, ਸੋਜਸ਼ ਜਾਂ ਗਰਮਾਇਸ਼ ਮਹਿਸੂਸ ਹੋਵੇਗੀ।

Provincial Health Services Authority Province-wide solutions. Better health. | BC Children's Hospital | fraserhealth Better health. Best in health care. | Interior Health | island health | northern health the northern way of caring | Providence Health Care How you want to be treated. | Vancouver CoastalHealth Promoting wellness. Ensuring care.

ਇੱਕ ਬਹੁਤ ਘੱਟ ਹੋਣ ਵਾਲਾ ਮਾੜਾ ਪ੍ਰਭਾਵ ਹੈ ਜਿਗਰ ਦੀ ਸਮੱਸਿਆ, ਜੋ ਬਹੁਤ ਗੰਭੀਰ ਹੋ ਸਕਦੀ ਹੈ। ਜਿਗਰ ਦੀ ਸਮੱਸਿਆ ਦੇ ਲੱਛਣਾਂ ਵਿਚ ਚਮੜੀ ਜਾਂ ਅੱਖਾਂ ਦਾ ਰੰਗ ਪੀਲਾ ਹੋ ਜਾਣਾ, ਗੂੜ੍ਹੇ ਰੰਗ ਦਾ ਪਿਸ਼ਾਬ, ਪੇਟ ਖ਼ਰਾਬ ਹੋਣਾ, ਉਲਟੀਆਂ ਜਿਹੀਆਂ ਆਉਣੀਆਂ ਜਾਂ ਭੁੱਖ ਨਾ ਲੱਗਣੀ ਸ਼ਾਮਲ ਹਨ। ਜੇ ਇਹ ਲੱਛਣ ਨਜ਼ਰ ਆਉਣ ਤਾਂ ਟੋਲਵਾਪਟਾਨ ਲੈਣੀ ਇੱਕ ਦਮ ਬੰਦ ਕਰ ਦਿਓ ਅਤੇ ਫੌਰਨ ਆਪਣੇ ਡਾਕਟਰ ਨਾਲ ਗੱਲ ਕਰੋ।

## ਖ਼ੁਰਾਕ ਨਾਲ ਸਬੰਧ:

ਖਾਣੇ ਦਾ ਸਮਾਂ ਟੋਲਵਾਪਟਾਨ ਤੇ ਅਸਰ ਨਹੀਂ ਕਰਦਾ। ਟੋਲਵਾਪਟਾਨ ਲੈਂਦੇ ਸਮੇਂ ਤੁਹਾਨੂੰ ਪਿਆਸ ਲੱਗਦੀ ਹੈ ਅਤੇ ਤੁਸੀਂ ਇਹ ਨੋਟ ਕੀਤਾ ਹੋਵੇਗਾ ਕਿ ਤੁਸੀਂ ਜ਼ਿਆਦਾ ਪਾਣੀ ਪੀ ਰਹੇ ਹੋ। ਆਪਣੇ ਖਾਣੇ ਵਿਚ ਤਬਦੀਲੀ ਕਰ ਕੇ ਤੁਸੀਂ ਪਿਆਸ ਅਤੇ ਪਿਸ਼ਾਬ ਦੀ ਮਾਤਰਾ ਘੱਟ ਕਰ ਸਕਦੇ ਹੋ। ਇਸ ਵਿਚ ਨਮਕ ਅਤੇ ਪ੍ਰੋਟੀਨ ਦੀ ਮਾਤਰਾ ਨੂੰ ਸੀਮਤ ਕਰਨਾ ਸ਼ਾਮਲ ਹੈ। ਇਸ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਆਪਣੇ ਗੁਰਦਿਆਂ ਦੇ ਡਾਕਟਰ ਜਾਂ ਗੁਰਦਿਆਂ ਦੇ ਡਾਇਟੀਸ਼ੀਅਨ ਨਾਲ ਗੱਲ ਕਰੋ।

ਟੋਲਵਾਪਟਾਨ ਲੈਂਦੇ ਸਮੇਂ ਗ੍ਰੇਪਫ਼ਰੂਟ (ਕਿੰਨੂ ਜਿਹੇ ਫਲ) ਨਹੀਂ ਖਾਣਾ ਜਾਂ ਇਸ ਦਾ ਜੂਸ ਨਹੀਂ ਪੀਣਾ ਕਿਉਂਕਿ ਇਸ ਨਾਲ ਸਰੀਰ ਵਿਚ ਟੋਲਵਾਪਟਾਨ ਦਾ ਲੈਵਲ ਵਧ ਸਕਦਾ ਹੈ।

## ਨਿਗਰਾਨੀ:

ਟੋਲਵਾਪਟਾਨ ਲੈਂਦੇ ਸਮੇਂ ਤੁਹਾਡੇ ਖ਼ੂਨ ਦੇ ਟੈੱਸਟ ਜਲਦੀ ਜਲਦੀ ਹੁੰਦੇ ਰਹਿਣਗੇ ਤਾਂ ਕਿ ਜਿਗਰ ਦੇ ਨੁਕਸਾਨ ਨੂੰ ਚੈੱਕ ਕੀਤਾ ਜਾ ਸਕੇ। ਹਰ ਵਾਰ ਟੋਲਵਾਪਟਾਨ ਦੁਬਾਰਾ ਭਰਨ ਤੋਂ ਪਹਿਲਾਂ ਖ਼ੂਨ ਟੈੱਸਟ ਹੋਵੇਗਾ। ਜੇ ਤੁਸੀਂ ਰੈਗੂਲਰ ਖ਼ੂਨ ਟੈੱਸਟ ਕਰਵਾਉਣ ਦੀ ਜ਼ਰੂਰਤ ਪੂਰੀ ਨਹੀਂ ਕਰਦੇ ਤਾਂ ਫਾਰਮੇਸੀ ਤੁਹਾਨੂੰ ਟੋਲਵਾਪਟਾਨ ਨਹੀਂ ਦੇਵੇਗੀ।

## ਜੇ ਤੁਸੀਂ ਸਫ਼ਰ ਕਰ ਰਹੇ ਹੋ ਜਾਂ 1 ਮਹੀਨੇ ਤੋਂ ਜ਼ਿਆਦਾ ਸਮੇਂ ਲਈ ਖ਼ੂਨ ਟੈੱਸਟ ਨਹੀਂ ਕਰਵਾ ਸਕਦੇ ਤਾਂ ਕੀ ਕੀਤਾ ਜਾਏ:

ਇਸ ਤੋਂ ਪਹਿਲਾਂ ਕਿ ਫਾਰਮੇਸੀ ਦੁਬਾਰਾ ਟੋਲਵਾਪਟਾਨ ਭਰ ਦੇਵੇ ਟੋਲਵਾਪਟਾਨ ਲੈਣੀ ਸ਼ੁਰੂ ਕਰਨ ਦੇ ਪਹਿਲੇ 18 ਮਹੀਨਿਆਂ ਦੌਰਾਨ ਤੁਹਾਡਾ ਗੁਰਦਿਆਂ ਦਾ ਡਾਕਟਰ ਹਰ ਮਹੀਨੇ ਤੁਹਾਡੇ ਖ਼ੂਨ ਟੈੱਸਟ ਦੀ ਸਮੀਖਿਆ ਕਰੇਗਾ। ਜੇ 1 ਮਹੀਨੇ ਤੋਂ ਵੱਧ ਸਮੇਂ ਲਈ ਤੁਸੀਂ ਬੀ.ਸੀ. ਤੋਂ ਬਾਹਰ ਸਫ਼ਰ ਕਰ ਰਹੇ ਹੋ ਤਾਂ ਤੁਹਾਡਾ ਨਿਯਤ ਖ਼ੂਨ ਟੈੱਸਟ ਤੁਹਾਡੇ ਯਾਤਰਾ ਵਾਲੇ ਸਥਾਨ ਤੇ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਦੀ ਸਮੀਖਿਆ ਤੁਹਾਡੇ ਗੁਰਦਿਆਂ ਦੇ ਡਾਕਟਰ ਦੁਆਰਾ ਬੀ.ਸੀ. ਵਿਚ ਕੀਤੀ ਜਾਏਗੀ। ਜੇ ਇਹ ਬੰਦੋਬਸਤ ਪਹਿਲਾਂ ਕੀਤਾ ਜਾਂਦਾ ਹੈ ਤਾਂ ਫ਼ਾਰਮੇਸੀ ਵੱਧ ਤੋਂ ਵੱਧ 8 ਹਫ਼ਤਿਆਂ ਲਈ ਟੋਲਵਾਪਟਾਨ ਦੇ ਸਕਦੀ ਹੈ। ਜੇ ਤੁਹਾਡਾ ਸਫ਼ਰ 8 ਹਫ਼ਤਿਆਂ ਤੋਂ ਜ਼ਿਆਦਾ ਹੈ ਜਾਂ ਜੇ ਤੁਸੀਂ ਖ਼ੂਨ ਟੈੱਸਟ ਦਾ ਬੰਦੋਬਸਤ ਨਹੀਂ ਕਰ ਸਕਦੇ ਤਾਂ ਤੁਹਾਨੂੰ ਆਪਣੀ ਸਪਲਾਈ ਖ਼ਤਮ ਕਰਨੀ ਪਵੇਗੀ ਅਤੇ ਬੀ.ਸੀ. ਵਿਚ ਵਾਪਸ ਆਉਣ ਤੱਕ ਅਸਥਾਈ ਤੌਰ ਤੇ ਟੋਲਵਾਪਟਾਨ ਬੰਦ ਕਰਨੀ ਹੋਵੇਗੀ। ਅਸਥਾਈ ਥੌਰ ਤੇ ਟੋਲਵਾਪਟਾਨ ਬੰਦ ਨਾਲ ਆਮ ਤੌਰ ਤੇ ਕੋਈ ਸਮੱਸਿਆ ਪੈਦਾ ਨਹੀਂ ਹੋਵੇਗੀ।

ਤੁਸੀਂ ਇਹ ਦਵਾਈ ਕਿਉਂ ਖਾ ਰਹੇ ਹੋ ਅਤੇ ਹੋਰ ਨੋਟ ਹੇਠਾਂ ਖਾਲੀ ਜਗ੍ਹਾ ਤੇ ਲਿਖੋ: